Punjab Government Gazette

Published by Authority

No. 13] CHANDIGARH, FRIDAY, MARCH 27, 2026 (CHAITRA 6, 1948 SAKA)

CONTENTS

		Pages
PART I—Punjab Government Notifications and Orders	..	547-570
PART I-A—Notifications by Local Government	..	Nil
PART I-B—Notifications by Commissioners and Deputy Commissioners	..	Nil
PART II—Statutory Notifications and Republications from Gazette of India/Punjab	..	Nil
PART III—Notification by High Court, Labour Commissioner ; Advertisements ; Director of Lotteries, Punjab and Notices etc.	..	487-524
PART III-A—Notifications by Universities	..	Nil
PART III-B—Court Notices	..	Nil
PART IV—Acts and Bills	..	Nil
PART V—Notification by Punjab State Legislature	..	Nil
SUPPLEMENT PART I—Statistical	..	Nil
SUPPLEMENT PART II—General	..	Nil
LEGISLATIVE SUPPLEMENT—Contents	..	xliv
Ditto **PART I**—Acts	..	Nil
Ditto **PART II**—Ordinances	..	Nil
Ditto **PART III**—Delegated Legislation	..	225
Ditto **PART IV**—Correction slips, Republications and Replacements	..	Nil

Punjab Government Gazette

Published by Authority

No. 13] CHANDIGARH, FRIDAY, MARCH 27, 2026 (CHAITRA 6, 1948 SAKA)

PART I

Punjab Government Notifications and Orders

ਪੰਜਾਬ ਸਰਕਾਰ

ਗ੍ਰਹਿ ਮਾਮਲੇ ਵਿਭਾਗ

(ਗ੍ਰਹਿ–3 ਸ਼ਾਖਾ)

ਅਧਿਸੂਚਨਾ

ਮਿਤੀ 3 ਫਰਵਰੀ, 2026

ਨੰ: HOME-HM-30ESBM/92/2024-2H3(E644768)/I/1306695/2026.-ਹੇਠ ਦਰਸਾਏ ਪੀ.ਪੀ.ਐਸ. ਅਧਿਕਾਰੀਆਂ (ਉਪ ਕਪਤਾਨ ਪੁਲਿਸ) ਨੂੰ 58 ਸਾਲ ਦੀ ਉਮਰ ਮੁਕੰਮਲ ਹੋਣ ਤੇ ਮਿਤੀ 31.01.2026 (ਬਾ.ਦੁ.) ਤੋਂ ਸੇਵਾ ਨਿਵਿਰਤ ਕੀਤਾ ਜਾਂਦਾ ਹੈ:–

ਲੜੀ ਨੰ:	ਅਫਸਰ ਦਾ ਨਾਮ ਸਰਵ/ਸ਼੍ਰੀ	ਜਨਮ ਮਿਤੀ	ਮੌਜੂਦਾ ਤਾਇਨਾਤੀ
1.	ਅਮਰ ਨਾਥ, ਪੀ.ਪੀ.ਐਸ., ਨੰ: JRT/369,238/JR, ਉਪ ਕਪਤਾਨ ਪੁਲਿਸ ਪੁੱਤਰ ਸ਼੍ਰੀ ਦਲੇਲ ਰਾਮ	20.01.1968	ਸਹਾਇਕ ਕਮਿਸ਼ਨਰ ਪੁਲਿਸ, ਸੁਰੱਖਿਆ ਅਤੇ ਲਾਈਸੈਂਸਿੰਗ, ਜਲੰਧਰ।
2.	ਹਰਭਜਨ ਸਿੰਘ, ਪੀ.ਪੀ.ਐਸ., ਨੰ. 2863/TSS, ਉਪ ਕਪਤਾਨ ਪੁਲਿਸ ਪੁੱਤਰ ਸ਼੍ਰੀ ਗੋਪਾਲ ਦਾਸ	15.01.1968	ਉਪ ਕਪਤਾਨ ਪੁਲਿਸ,ਸਪੈਸ਼ਲ ਬਰਾਂਚ ਅਤੇ ਕ੍ਰਿਮੀਨਲ ਇੰਟੈਲੀਜੈਂਸ, ਅੰਮ੍ਰਿਤਸਰ(ਦਿਹਾਤੀ) (ਤਨਖਾਹ ਮੰਤਵ ਲਈ ਡੀ.ਐਸ.ਪੀ. ਤਕਨੀਕੀ ਸੇਵਾਵਾਂ,ਪੰਜਾਬ, ਚੰਡੀਗੜ੍ਹ)।
3.	ਪਵਨ ਕੁਮਾਰ,ਪੀ.ਪੀ.ਐਸ., ਨੰ: 860/TSS, ਉਪ ਕਪਤਾਨ ਪੁਲਿਸ ਪੁੱਤਰ ਸ਼੍ਰੀ ਸੁਦਰਸ਼ਨ ਕੁਮਾਰ	31.01.1968	ਸਹਾਇਕ ਕਮਿਸ਼ਨਰ ਪੁਲਿਸ, ਪੀ.ਬੀ.ਆਈ. ਹੋਮੀਸਾਈਡ ਅਤੇ ਫੋਰੈਂਸਿਕ, ਅੰਮ੍ਰਿਤਸਰ।
4.	ਸੁਖਰਾਜ ਸਿੰਘ, ਪੀ.ਪੀ.ਐਸ., ਨੰ: 240/PR, 61/JR, ਉਪ ਕਪਤਾਨ ਪੁਲਿਸ ਪੁੱਤਰ ਸ਼੍ਰੀ ਗੁਰਦੇਵ ਸਿੰਘ	04.01.1968	ਉਪ ਕਪਤਾਨ ਪੁਲਿਸ,ਸਥਾਨਿਕ ਗੁਰਦਾਸਪੁਰ।

2. ਰਿਕਾਰਡ ਮੁਤਾਬਿਕ ਇਸ ਸਮੇਂ ਉਕਤ ਲੜੀ ਨੰ: 01 ਤੋਂ 03 ਤੇ ਦਰਜ ਅਧਿਕਾਰੀਆਂ ਵਿਰੁੱਧ ਕੋਈ ਵਿਭਾਗੀ ਪੜਤਾਲ/ਵਿਜੀਲੈਂਸ ਪੜਤਾਲ/ਕ੍ਰਿਮੀਨਲ ਕੇਸ ਲੰਬਿਤ ਨਹੀਂ ਹੈ। ਪ੍ਰੰਤੂ ਲੜੀ ਨੰ: 04 ਤੇ ਦਰਜ ਸ਼੍ਰੀ ਸੁਖਰਾਜ ਸਿੰਘ, ਪੀ.ਪੀ.ਐਸ., ਨੰ: 240/PR, 61/JR, ਉਪ ਕਪਤਾਨ ਪੁਲਿਸ ਵਿਰੁੱਧ ਪਾਸਪੋਰਟ ਦੀ ਵੈਰੀਫਿਕੇਸ਼ਨ ਸਹੀ ਕਰਨ ਲਈ 25,000/ਰੁਪਏ ਦੀ ਰਿਸ਼ਵਤ ਮੰਗਣ ਦੇ ਦੋਸ਼ਾਂ ਅਧੀਨ ਰਾਜ ਸਰਕਾਰ ਵੱਲੋਂ ਪੱਤਰ ਨੰ: 8/65/2020-2ਗ3/2509 ਮਿਤੀ 08-07-2020 ਰਾਹੀਂ ਦੋਸ਼ ਸੂਚੀ ਦੇ ਖਰੜੇ ਦੀ ਮੰਗ ਕੀਤੀ ਗਈ ਅਤੇ ਪੱਤਰ ਨੰ: 8/65/2020-2ਗ3/4467 ਮਿਤੀ 20-11-2020 ਰਾਹੀਂ ਦੋਸ਼ ਸੂਚੀ ਦਾ ਖਰੜਾ ਜਾਰੀ ਕੀਤਾ ਗਿਆ। ਅਧਿਕਾਰੀ ਵੱਲੋਂ ਮਿਤੀ 24-12-2020 ਰਾਹੀਂ ਸੂਚੀ ਦਾ ਜਵਾਬ ਦਿੱਤਾ ਗਿਆ। ਰਾਜ ਸਰਕਾਰ ਦੇ ਪਿੱਠ ਅੰਕਣ ਨੰ: 8/65/2020-2ਗ3/1868 ਮਿਤੀ 21-04-2022 ਰਾਹੀਂ ਸ਼੍ਰੀ ਆਰ.ਸੀ. ਨਈਅਰ, ਆਈ.ਏ.ਐਸ. ਨੂੰ ਪੜਤਾਲੀਆਂ ਅਫਸਰ ਨਿਯੁਕਤ ਕੀਤਾ ਗਿਆ ਹੈ, ਪੜਤਾਲੀਆ ਅਫਸਰ ਵੱਲੋਂ ਆਪਣੀ ਰਿਪੋਰਟ ਮਿਤੀ 01-11-2022 ਰਾਹੀਂ ਇਸ ਅਧਿਕਾਰੀ ਵਿਰੁੱਧ ਦੋਸ਼ ਸਿੱਧ ਨਾ ਹੋਣ ਬਾਰੇ ਲਿਖਿਆ। ਇਸ ਦਫਤਰ ਦੇ ਪੱਤਰ ਨੰਬਰ 3634/ਖੁਫੀਆਗਸ-3(4) ਮਿਤੀ 06-08-2024 ਰਾਹੀਂ ਕੇਸ ਦਾਖਲ ਦਫਤਰ ਕਰਨ ਲਈ ਰਿਪੋਰਟ ਗ੍ਰਹਿ ਮਾਮਲੇ ਵਿਭਾਗ ਨੂੰ ਭੇਜੀ ਗਈ ਹੈ। ਇਹ ਕੇਸ ਅਜੇ ਗ੍ਰਹਿ ਮਾਮਲੇ ਵਿਭਾਗ ਪਾਸ ਵਿਚਾਰ ਅਧੀਨ ਹੈ।

3. ਉਕਤ ਅਧਿਕਾਰੀਆਂ ਦੀ ਸੇਵਾ ਨਿਵਿਰਤੀ ਦੇ ਹੁਕਮ ਹੇਠ ਲਿਖੀਆਂ ਸ਼ਰਤਾਂ ਤੇ ਜਾਰੀ ਕੀਤੇ ਜਾਂਦੇ ਹਨ:-

ੳ) ਜੇਕਰ ਉਕਤ ਅਧਿਕਾਰੀਆਂ ਵਿਰੁੱਧ ਕਿਸੇ ਕਿਸਮ ਦਾ ਕੋਈ ਵੀ ਬਕਾਇਆ/ਅਨੁਸ਼ਾਸ਼ਨੀ ਕਾਰਵਾਈ/ਇਨਕੁਆਰੀ ਨਿਯਮਾਂ ਅਧੀਨ ਚੱਲਦੀ ਹੋਵੇਗੀ ਜਾਂ ਕਿਸੇ ਵੀ ਅਦਾਲਤ ਵਿੱਚ ਕੋਈ ਕੇਸ ਲੰਬਿਤ ਹੋਵੇ ਤਾਂ ਰਿਟਾਇਰਮੈਂਟ ਦੇ ਹੁਕਮਾਂ ਤੇ ਇਸਦਾ ਕੋਈ ਅਸਰ ਨਹੀਂ ਪਵੇਗਾ।

ਅ) ਜੇਕਰ ਭਵਿੱਖ ਵਿੱਚ ਕਿਸੇ ਵੀ ਸਟੇਜ ਤੇ ਉਕਤ ਅਧਿਕਾਰੀਆਂ ਵਿਰੁੱਧ ਕੋਈ ਕ੍ਰਿਮੀਨਲ, ਸਿਵਲ ਕੇਸ ਜਾਂ ਅਨੁਸ਼ਾਸ਼ਨੀ ਕਾਰਵਾਈ ਕਰਨ ਬਾਰੇ ਮਾਮਲਾ ਸਰਕਾਰ ਦੇ ਧਿਆਨ ਵਿੱਚ ਆਉਂਦਾ ਹੈ ਤਾਂ ਅਧਿਕਾਰੀਆਂ ਵਿਰੁੱਧ ਪੰਜਾਬ ਸਿਵਲ ਸਰਵਿਸਜ ਰੂਲਜ ਭਾਗ-2 ਦੇ ਨਿਯਮ 2.2 ਅਨੁਸਾਰ ਕਾਰਵਾਈ ਦਾ ਹੱਕ ਸਰਕਾਰ ਪਾਸ ਰਾਖਵਾਂ ਹੋਵੇਗਾ। ਇਸ ਤੋਂ ਇਲਾਵਾ ਜੇਕਰ ਉਕਤ ਅਧਿਕਾਰੀਆਂ ਵਿਰੁੱਧ ਕੋਈ ਰਿਕਵਰੀ ਕਿਸੇ ਸਟੇਜ ਤੇ ਸਾਹਮਣੇ ਆਉਂਦੀ ਹੈ ਤਾਂ ਉਸਦੀ ਭਰਪਾਈ ਉਹਨਾਂ ਦੇ ਰਿਟਾਇਰਮੈਂਟ ਲਾਭਾਂ (ਗਰੈਚੁਟੀ/ਪੈਨਸ਼ਨ) ਵਿੱਚੋਂ ਕਰ ਲਈ ਜਾਵੇਗੀ।

ਆਲੋਕ ਸ਼ੇਖਰ, ਆਈ.ਏ.ਐਸ.
ਵਧੀਕ ਮੁੱਖ ਸਕੱਤਰ, ਪੰਜਾਬ ਸਰਕਾਰ,
ਗ੍ਰਹਿ ਮਾਮਲੇ ਵਿਭਾਗ।

ਚੰਡੀਗੜ੍ਹ
ਮਿਤੀ 2 ਫਰਵਰੀ, 2026

3671/3-2026/Pb. Govt. Press, S.A.S. Nagar